# ਦਫਤਰ ਜਿਲ੍ਹਾ ਸਿਖਿਆ ਅਫਸਰ (ਸੈ.ਸਿ) ਅੰਮ੍ਰਿਤਸਰ

ਈ.ਮੇਲ: deose.amritsar@punjabeducation.gov.in ਫੋਨ ਅਤੇ ਫੈਕਸ ਨੰਬਰ: 0183-2225896
Website: deoseasr.org

ਵੱਲ

ਪ੍ਰਾਈਵੇਟ ਅਨਏਡਿਡ /ਮਾਨਤਾ ਪ੍ਰਾਪਤ ਸਕੂਲ ,
ਜਿਲ੍ਹਾ ਅੰਮ੍ਰਿਤਸਰ ।

ਪੱਤਰ ਨੰ: ਜੀ-5/2019- 862-63
ਮਿਤੀ :- 30-5-19

ਵਿਸ਼ਾ :- The Punjab Regulation of fee of unaided Educational Institution Rules 2016 ਅਤੇ 2017 ਲਾਗੂ ਕਰਨ ਹਿੱਤ।

ਹਵਾਲਾ ਇਸ ਦਫਤਰ ਦੇ ਪੱਤਰ ਨੰ: ਜੀ-5/2019-580 ਮਿਤੀ ਅੰਮ੍ਰਿਤਸਰ 03-04-2019, ਪੱਤਰ ਨੰ: ਜੀ-5/2019-730 ਮਿਤੀ ਅੰਮ੍ਰਿਤਸਰ 30-04-2019ਅਤੇ ਪੱਤਰ ਨੰ: ਜੀ-5/2019-855 ਮਿਤੀ ਅੰਮ੍ਰਿਤਸਰ 08-05-2019 ਦੇ ਸਬੰਧ ਵਿਚ ।

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿਚ ਸਾਰੇ ਪ੍ਰਾਈਵੇਟ ਅਨਏਡਿਡ / ਮਾਨਤਾ ਪ੍ਰਾਪਤ ਸਕੂਲਾਂ ਨੂੰ ਪਹਿਲਾਂ ਵੀ ਬਹੁਤ ਵਾਰ ਸੂਚਿਤ ਕੀਤਾ ਗਿਆ ਹੈ ਕਿ ਫੀਸ ਰੈਗੂਲੇਸ਼ਨ ਐਕਟ 2016/2017 ਦੇ ਤਹਿਤ ਫਾਰਮ ਏ.ਬੀ.ਸੀ.ਡੀ. ਇਸ ਦਫਤਰ ਨੂੰ 30 ਅਪ੍ਰੈਲ ਤੱਕ ਭੇਜਣ ਸਬੰਧੀ ਲਿਖਿਆ ਸੀ, ਪਰ ਬਹੁਤ ਸਾਰੇ ਸਕੂਲਾਂ ਵੱਲੋਂ ਇਹ ਫਾਰਮ ਭਰਨ ਉਪਰੰਤ ਇਸ ਦਫਤਰ ਨੂੰ ਮੁਹੱਈਆ ਨਹੀ ਕਰਵਾਏ ਗਏ।

ਇਸ ਸਬੰਧ ਵਿਚ ਰੈਗੂਲੇਟਰੀ ਬਾਡੀ ਦੇ ਚੇਅਰਮੈਨ ਸ੍ਰੀ ਬੀ.ਪੁਰੂਸ਼ਾਰਥ ਆਈ.ਏ.ਐਸ. ਕਮਿਸ਼ਨਰ ਜਲੰਧਰ ਡਵੀਜ਼ਨ ਕਮ ਚੇਅਰਮੈਨ,ਵੱਲੋਂ ਅਧੀਨ ਆਉਂਦੇ ਜਿਲਾ ਸਿਖਿਆ ਅਫਸਰ ਜੀ ਦੀ ਮੀਟਿੰਗ ਮਿਤੀ 29-05-2019 ਨੂੰ ਬੁਲਾਈ ਗਈ ਸੀ , ਅਤੇ ਮੀਟਿੰਗ ਵਿਚ ਇਹ ਸਖਤ ਹਦਾਇਤ ਕੀਤੀ ਗਈ ਕਿ ਫਾਰਮ ਏ.ਬੀ.ਸੀ. ਅਤੇ ਡੀ ਪ੍ਰਾਈਵੇਟ ਅਨਏਡਿਡ / ਮਾਨਤਾ ਪ੍ਰਾਪਤ ਸਾਰੇ ਸਕੂਲਾਂ ਤੋਂ ਹਰ ਹਾਲਤ ਵਿਚ ਮਿਤੀ 07-06-2019 ਤੱਕ ਪ੍ਰਾਪਤ ਕਰਨ ਉਪਰੰਤ ਇਹ ਫਾਰਮ ਮਾਨਯੋਗ ਦਫਤਰ ਕਮਿਸ਼ਨਰ ਜਲੰਧਰ ਮੰਡਲ ਜਲੰਧਰ ਜੀ ਨੂੰ ਤੁਰੰਤ ਮੁਹੱਈਆ ਕਰਵਾਏ ਜਾਣ , ਅਤੇ ਜਿਹੜੇ ਸਕੂਲ ਮਿਤੀ 07-06-2019 ਤੱਕ ਇਹ ਫਾਰਮ ਦਫਤਰ ਜਿਲਾ ਸਿਖਿਆ ਅਫਸਰ ਦੇ ਦਫਤਰ ਵਿਖੇ ਜਮ੍ਹਾਂ ਨਹੀ ਕਰਵਾਉਂਦੇ ਹਨ, ਉਨ੍ਹਾਂ ਸਬੰਧੀ ਮਾਨਯੋਗ ਦਫਤਰ ਕਮਿਸ਼ਨਰ ਜਲੰਧਰ ਮੰਡਲ ਜਲੰਧਰ ਜੀ ਨੂੰ ਸੂਚਿਤ ਕਰ ਦਿੱਤਾ ਜਾਵੇਗਾ ਅਤੇ ਉਨ੍ਹਾਂ ਵਿਰੁੱਧ ਮਾਨਯੋਗ ਕਮਿਸ਼ਨਰ ਜਲੰਧਰ ਡਿਵੀਜਨ ਕਮ ਚੇਅਰਮੈਨ ਰੈਗੂਲੇਟਰੀ ਬਾਡੀ ਵੱਲੋਂ ਸਖਤ ਕਾਰਵਾਈ ਕੀਤੀ ਜਾਵੇਗੀ। ਇਸ ਲਈ ਪ੍ਰਾਈਵੇਟ ਅਨਏਡਿਡ ਮਾਨਤਾ ਪ੍ਰਾਪਤ ਸਕੂਲਾਂ ਜਿਲ੍ਹਾ ਅੰਮ੍ਰਿਤਸਰ ਨਾਲ ਸਬੰਧਤ ਸਕੂਲਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਫਾਰਮ ਏ.ਬੀ.ਸੀ.ਡੀ ਮਿਤੀ 07-06-2019 ਤੱਕ ਇਸ ਦਫਤਰ ਵਿਖੇ ਜਮ੍ਹਾਂ ਕਰਵਾਏ ਜਾਣ ਤਾਂ ਕਿ ਭਵਿੱਖ ਵਿਚ ਆਉਣ ਵਾਲੀਆਂ ਮੁਸ਼ਕਿਲਾਂ ਤੋ ਬਚਿਆ ਜਾ ਸਕੇ । ਇਸ ਸਬੰਧੀ ਜੇਕਰ ਕੋਈ ਵਧੇਰੇ ਜਾਣਕਾਰੀ ਲੈਣੀ ਹੋਵੇ ਤਾਂ ਇਸ ਦਫਤਰ ਨਾਲ ਸੰਪਰਕ ਕਰ ਲਿਆ ਜਾਵੇ ।

ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:),
ਅੰਮ੍ਰਿਤਸਰ। 30/5/19

ਉਪਰੋਕਤ ਦਾ ਉਤਾਰਾ ਮਾਨਯੋਗ ਦਫਤਰ ਕਮਿਸ਼ਨਰ , ਜਲੰਧਰ ਮੰਡਲ, ਜਲੰਧਰ ਜੀ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ :

ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:),
ਅੰਮ੍ਰਿਤਸਰ।

Scanned by CamScanner